# ਜਮਾਤ-10ਵੀਂ

## ਪਾਠ-2-HTML ਫੰਡਾਮੈਂਟਲਜ਼

### ਬਹੁ-ਚੋਣਵੇਂ ਪ੍ਰਸ਼ਨ:-

ਪ੍ਰਸ਼ਨ 1.ਕਿਸੇ ਵੀ HTML ਦਸਤਾਵੇਜ਼ ਵਿੱਚ ਪਹਿਲਾ ਟੈਗ ਕੀ ਹੋਣਾ ਚਾਹੀਦਾ ਹੈ ?

**A. <head>** **B. <title>** **C. <html>** **D. <document>**

ਉੱਤਰ : **<html>**

ਪ੍ਰਸ਼ਨ 2. ਲਾਈਨ ਬ੍ਰੇਕ ਪਾਉਣ ਲਈ ਸਹੀ HTML ਟੈਗ ਕੀ ਹੈ?

**A. <br>** **B. <lb>** **C. <break>** **D. <newline>**

ਉੱਤਰ : **<br>**

ਪ੍ਰਸ਼ਨ 3. ਇੱਕ ਵੈੱਬਪੇਜ ਤਸਵੀਰ ਦਿਖਾਉਂਦਾ ਹੈ। ਇਸ ਤਸਵੀਰ ਨੂੰ ਪ੍ਰਦਰਸ਼ਿਤ ਕਰਨ ਲਈ ਕਿਹੜਾ ਟੈਗ ਵਰਤਿਆ ਗਿਆ ਸੀ।

**A. picture** **B. mage** **C. img** **D. src**

ਉੱਤਰ : **img**

ਪ੍ਰਸ਼ਨ 4. HTML ਵਿੱਚ ਡਿਜ਼ਾਇਨ ਕੀਤੇ ਪੇਜ ਨੂੰ _______ ਕਹਿੰਦੇ ਹਨ?

**A. Yellow Page** **B. Web Page** **C. Server Page** **D. Front Page**

ਉੱਤਰ : **Web Page**

ਪ੍ਰਸ਼ਨ 5. HTML ਦਸਤਾਵੇਜ਼ ਨੂੰ ਸੇਵ ਕਰਨ ਲਈ _______ ਐਕਸਟੈਂਸ਼ਨ ਵਰਤੀ ਜਾਂਦੀ ਹੈ?

**A. .htl** **B. .html** **C. .hml** **D. .htnl**

ਉੱਤਰ : **.html**

ਪ੍ਰਸ਼ਨ 6. <table> ਵਿੱਚ ਹੋਰ ਵਰਤੇ ਜਾਂਦੇ ਟੈਗਜ਼ ਹੇਠ ਲਿਖੇ ਅਨੁਸਾਰ ਹਨ:-

**A. <TR>** **B. <TD>** **C. <TH>** **D. All of the above**

ਉੱਤਰ : **All of the above**

## ਖਾਲੀ ਥਾਵਾਂ ਭਰੋ।

1. HTML ਦਾ ਪੂਰਾ ਨਾਮ _______ ਹੈ।

   ਉੱਤਰ : Hyper Text Markup Language

2. ਇੱਕ Unorganized List ਦਰਸਾਉਣ ਲਈ _______ ਸੂਚੀ ਵਰਤੀ ਜਾਂਦੀ ਹੈ।

   ਉੱਤਰ : ਅਨ-ਆਰਡਰਡ

3. _______ Tag ਨੂੰ ਸੂਚੀ ਦੇ Element (ਐਲੀਮੈਂਟ) ਪ੍ਰਭਾਸ਼ਿਤ ਕਰਨ ਲਈ ਵਰਤਿਆ ਜਾਂਦਾ ਹੈ।

   ਉੱਤਰ : <LI>

4. ALT ਦਾ ਮਤਲਬ ਹੈ _______।

   ਉੱਤਰ : Alternate

5. _______ HTML ਦਸਤਾਵੇਜ਼ ਦਾ ਮੁੱਖ ਹਿੱਸਾ ਹੈ ਜਿਸ ਵਿੱਚ ਵੈੱਬਪੇਜ ਦੇ ਬਾਰੇ ਸਾਰੀ ਜਾਣਕਾਰੀ ਮੌਜੂਦ ਹੈ।

   ਉੱਤਰ : <Body>

6. _______ ਵਿੱਚ title ਸ਼ਾਮਲ ਹੁੰਦੇ ਹਨ ਜੋ ਕਿ HTML ਦਸਤਾਵੇਜ਼ ਦੇ Heading ਦੀ ਪਛਾਣ ਕਰਦਾ ਹੈ।

   ਉੱਤਰ : Heading

## 3. ਸਹੀ / ਗਲਤ ਦੱਸੋ:-

1. HTML ਇਕ Structured ਭਾਸ਼ਾ ਹੈ। ☑
2. ਟੇਬਲ ਸਿਰਲੇਖ <TH> ਟੈਗ ਨਾਲ ਸ਼ੁਰੂ ਹੁੰਦਾ ਹੈ ਅਤੇ </TH> ਟੈਗ ਨਾਲ ਖਤਮ ਹੁੰਦਾ ਹੈ। ☑
3. ਆਨਲਾਈਨ ਟੈਗ ਵੈੱਬਪੇਜ਼ ਦੀਆਂ ਹੋਰ ਕੰਨਟੈਂਟ ਦੇ ਮੁਕਾਬਲੇ ਅਟੈਚ ਇਮੇਜ਼ਾਂ ਦੀ ਅਲਾਈਨਮੈਂਟ ਨਹੀਂ ਕਰਦਾ। ☒
4. ਸੈੱਲ ਪੈਡਿੰਗ ਸੈੱਲ ਸੰਖੇਪਾਂ ਅਤੇ ਸੈੱਲ ਦੀ ਸਰਹੱਦ ਵਿਚਕਾਰ ਪਿਕਸਲ ਸਪੇਸ ਹੈ। ☑
5. ਪਰਿਭਾਸ਼ਾ ਸੂਚੀ ਵਿੱਚ ਆਮ ਤੌਰ ਤੇ ਵੱਖ-ਵੱਖ ਨਿਯਮ ਅਤੇ ਉਹਨਾਂ ਦੇ ਅਰਥ ਦੇ ਪਰਿਭਾਸ਼ਾ ਸ਼ਾਮਲ ਹੁੰਦੇ ਹਨ। ☑

## 4. ਪੂਰਾ ਰੂਪ:-

1. HTML → Hypertext Markup Language
2. <B> → Bold Tag
3. <I> → Italic Tag
4. <U> → Underline Tag
5. <OL> → Ordered List
6. <UL> → Unordered List
7. <P> → Paragraph Tag
8. <BR> → Brake Tag
9. SRC → Source
10. <IMG> → Image
11. <TR> → Table Row
12. <TH> → Table Heading
13. <TD> → Table Data
14. <LI> → List Item
15. URL → Uniform Resource Locator

## 5. ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ:-

ਪ੍ਰਸ਼ਨ ਨੰ 1. ਉਸ ਟੈਗ ਦਾ ਨਾਮ ਦੱਸੋ ਜੋ ਸ਼ੁਰੂ ਅਤੇ ਅੰਤ ਵਿੱਚ ਵਰਤਿਆ ਜਾਂਦਾ ਹੈ?

ਉੱਤਰ:- <HTML>

ਪ੍ਰਸ਼ਨ ਨੰ 2. ਉਸ ਟੈਗ ਦਾ ਨਾਮ ਦੱਸੋ ਜਿਸ ਵਿਚ ਸਾਰੇ ਵੈੱਬਪੇਜ਼ ਦੀ ਸੂਚਨਾ ਸਟੋਰ ਹੁੰਦੀ ਹੈ?

ਉੱਤਰ:- <BODY TAG>

ਪ੍ਰਸ਼ਨ ਨੰ 3. HTML ਦਸਤਾਵੇਜ਼ ਨੂੰ ਸੇਵ ਕਰਨ ਲਈ ਕਿਹੜੀ ਐਕਸਟੈਂਸ਼ਨ ਵਰਤੀ ਜਾਂਦੀ ਹੈ?

ਉੱਤਰ:- .HTML

ਪ੍ਰਸ਼ਨ ਨੰ 4. ਉਸ ਟੈਗ ਦਾ ਨਾਮ ਦੱਸੋ ਜੋ ਐਂਪਟੀਟੈਗ ਹੈ ਅਤੇ ਇੱਕ ਲਾਈਨ ਨੂੰ ਤੋੜਨ ਲਈ ਵਰਤਿਆ ਜਾਂਦਾ ਹੈ?

ਉੱਤਰ:- <BR>

## 6. ਛੋਟੇ ਉੱਤਰਾਂ ਵਾਲੇ ਪ੍ਰਸ਼ਨ:-

**ਪ੍ਰਸ਼ਨ 1. HTML ਕੀ ਹੈ ?**

ਉੱਤਰ:- HTML ਦਾ ਪੂਰਾ ਨਾਮ Hypertext Markup Language . ਇਸ ਦੀ ਵਰਤੋਂ ਵੈੱਬ ਪੇਜ ਤਿਆਰ ਕਰਨ ਲਈ ਕੀਤੀ ਜਾਂਦੀ ਹੈ।ਇਹ ਭਾਸ਼ਾ ਇੱਕ ਟੈਗ ਅਧਾਰਿਤ ਭਾਸ਼ਾ ਹੈ ।ਇਸ ਵਿਚ ਕੰਮ ਕਰਨ ਲਈ ਟੈਗ ਵਰਤੇ ਜਾਂਦੇ ਹਨ।ਹਰੇਕ ਟੈਗ ਦਾ ਆਪਣਾ ਵੱਖਰਾ ਕੰਮ ਹੁੰਦਾ ਹੈ।ਇਹ ਇੱਕ ਬਹੁਤ ਹੀ ਅਸਾਨ, ਲਚਕੀਲੀ ਅਤੇ ਦਿਲਚਸਪ ਭਾਸ਼ਾ ਹੈ।ਇਸ ਭਾਸ਼ਾ ਦੀ ਵਰਤੋਂ ਕਰਕੇ ਅਸੀਂ ਆਪਣੇ ਵੈੱਬ ਪੇਜ਼ ਵਿਚ ਟੈਕਸਟ,ਤਸਵੀਰਾਂ,ਆਡੀਓ,ਵੀਡੀਓ ਟੇਬਲ,ਲਿਸਟਾਂ ਆਦਿ ਸ਼ਾਮਲ ਕਰ ਸਕਦੇ ਹਾਂ।





**ਪ੍ਰਸ਼ਨ 2. ਇੱਕ ਟੈਗ ਕੀ ਹੈ?**

ਉੱਤਰ:- ਟੈਗ ਐਚ.ਟੀ.ਐੱਮ.ਐੱਲ ਵਿਚ ਇੱਕ ਬਹੁਤ ਹੀ ਮਹੱਤਵਪੂਰਨ ਰੋਲ ਅਦਾ ਕਰਦਾ ਹੈ।ਇਹ ਕੁਝ ਖਾਸ ਨਿਰਦੇਸ਼ ਹਨ।ਹਰੇਕ ਟੈਗ ਦਾ ਆਪਣਾ ਵੱਖਰਾ ਕੰਮ ਹੁੰਦਾ ਹੈ।ਇਹ ਓਪਨ ਐਂਗਲ ਬ੍ਰੈਕਟ (<) ਨਾਲ ਸ਼ੁਰੂ ਹੁੰਦੇ ਹਨ ਅਤੇ ਕਲੋਜ਼ ਐਂਗਲ (>) ਬ੍ਰੈਕਟ ਨਾਲ ਬੰਦ ਹੁੰਦੇ ਹਨ।

ਟੈਗਜ਼ ਦੋ ਤਰਾਂ ਦੇ ਹੁੰਦੇ ਹਨ:-

1. **ਕੰਟੇਨਰ ਟੈਗ**
   - <HTML>-----------</HTML>
   - <BODY>-----------</BODY>
   - <B>-----------------</B>
2. **ਐਪਟੀ ਟੈਗ**
   - <BR>
   - <LI>
   - <DD>



**ਪ੍ਰਸ਼ਨ 3. <IMG> ਟੈਗ ਕੀ  ਸਮਝਾਓ?**

**ਉੱਤਰ:–** <img> ਦਾ ਪੂਰਾ ਨਾਮ Image ਹੈ ਜਿਸ ਦਾ ਅਰਥ ਹੈ ਤਸਵੀਰ । ਅਸੀਂ HTML  ਭਾਸ਼ਾ  ਦੀ ਵਰਤੋਂ ਕਰਦੇ ਹੋਏ ਆਪਣੇ ਵੈੱਬ ਪੇਜ਼ ਵਿਚ ਟੈਕਸਟ,ਤਸਵੀਰਾਂ,ਆਡੀਓ,ਵੀਡੀਓ ਟੇਬਲ,ਲਿਸਟਾਂ ਆਦਿ ਇੰਨਸਰਟ ਕਰ ਸਕਦੇ ਹਾਂ।<img> ਇੱਕ ਅਜਿਹਾ ਟੈਗ ਹੈ ਜਿਸ ਦੀ ਵਰਤੋਂ ਆਪਣੇ ਵੈੱਬ ਪੇਜ਼ ਵਿੱਚ ਤਸਵੀਰ ਲਗਾਉਣ ਲਈ ਕੀਤੀ ਜਾਂਦੀ ਹੈ।

**Syntax:-**

```
<Img Src=”C\html\10class\green.jpeg”>
```

**ਇਮੇਂਜ  ਟੈਗ ਦੇ ਐਰਟੀਬਿਊਟਸ:–**

1. ਅਲਟ (Alt)
2. ਵਿਡਥ (Width)
3. ਹਾਈਟ (Height)
4. ਅਲਾਈਨ (Align)

**ਪ੍ਰੋਗਰਾਮ**

```
<html>
<body>
<CENTER>MY FIRST WEB PAGE<BR>
<IMG SRC="C:\Users\Public\Pictures\Sample Pictures\go.jpg" WIDTH=200 HEIGHT=100>
</BODY>
</HTML>
```


**ਆਉਟਪੁੱਟ**




**ਪ੍ਰਸ਼ਨ 4. ਇਕ TABLE  ਬਣਾਉਣ ਲਈ ਕਿਹੜੇ–2 ਟੈਗਜ਼ ਵਰਤੇ ਜਾਂਦੇ ਹਨ?**

**ਉੱਤਰ:–** ਟੇਬਲ ਬਣਾਉਣ ਲਈ ਮਹੱਤਵਪੂਰਨ ਟੈਗਜ਼ ਹੇਠ ਲਿਖੇ ਹਨ:–

1. <TABLE>……………</TABLE>
2. <TR>…………………</TR>
3. <TH>…………………</TD>
4. <TD>………………...</TD>



**ਪ੍ਰਸ਼ਨ 5. ਫੌਂਟ ਟੈਗ ਨੂੰ ਐਟਰੀਬਿਊਟ ਸਹਿਤ ਵਰਣਨ ਕਰੋ?**

**ਉੱਤਰ:-** ਫੌਂਟ ਟੈਗ ਵਿਚ ਟੈਕਸਟ ਦਾ ਪਹਿਲਾਂ ਤੋਂ ਪ੍ਰਭਾਸ਼ਿਤ ਸਟਾਈਲ (ਬਣਤਰ) ਅਤੇ ਅਕਾਰ ਹੁੰਦਾ ਹੈ।ਇਸ ਟੈਗ ਦੀ ਵਰਤੋਂ ਕਰਕੇ ਅਸੀਂ ਅੱਖਰਾਂ ਦਾ ਰੰਗ,ਸਟਾਈਲ ਅਤੇ ਅਕਾਰ ਨੂੰ ਲਾਗੂ ਕਰਕੇ ਆਪਣੇ ਵੈੱਬ ਪੇਜ਼ ਨੂੰ ਸੁੰਦਰ ਅਤੇ ਆਕਰਸ਼ਿਤ ਬਣਾ ਸਕਦੇ ਹਾਂ।

ਫੌਂਟ ਟੈਗ ਦੀਆਂ ਚਾਰ ਵਿਸ਼ੇਸ਼ਤਾਵਾਂ ਹੁੰਦੀਆਂ ਹਨ:-

1. ਫੌਂਟ ਸਟਾਈਲ (Font Style)
2. ਫੌਂਟ ਫੇਸ (Font Face)
3. ਫੌਂਟ ਕਲਰ (Font Color)
4. ਫੌਂਟ ਸਾਈਜ਼ (Font Size)

**ਪ੍ਰੋਗਰਾਮ**

```
<html>
<body>
<center>
<font size=3  color=red   face="anmollipi">
kmipautr swiems
</center>
</font>
</body>
</html>
```

**ਆਊਟਪੁੱਟ**



## 7.ਵਿਚਕਾਰ ਅੰਤਰ:-

**ਪ੍ਰਸ਼ਨ 1.ਆਰਡਰ ਲਿਸਟ (Order List) ਅਤੇ ਅਨਆਰਡਰ ਲਿਸਟ (Unorder List) ਵਿਚ ਅੰਤਰ ਸ਼ਪਸ਼ਟ ਕਰੋ ?**

**ਉੱਤਰ:- ਆਰਡਰ ਲਿਸਟ (Order List) ਅਤੇ ਅਨ-ਆਰਡਰ ਲਿਸਟ (Unorder List) ਵਿਚ ਅੰਤਰ:-**

| ਆਰਡਰ ਲਿਸਟ | ਅਨ-ਆਰਡਰ ਲਿਸਟ |
|---|---|
| 1. ਆਰਡਰ ਲਿਸਟ ਨੂੰ ਨੰਬਰ ਲਿਸਟ ਵੀ ਕਿਹਾ ਜਾਂਦਾ ਹੈ। | 1. ਅਨ-ਆਰਡਰ ਲਿਸਟ ਨੂੰ ਬੁਲੇਟਡ ਲਿਸਟ ਵੀ ਕਿਹਾ ਜਾਂਦਾ ਹੈ । |
| 2. ਇਸ ਲਿਸਟ ਨੂੰ <OL> ਨਾਲ ਸ਼ੁਰੂ ਅਤੇ</ OL> ਨਾਲ ਬੰਦ ਕੀਤਾ ਜਾਂਦਾ ਹੈ। | 2. ਇਸ ਲਿਸਟ ਨੂੰ <UL> ਨਾਲ ਸ਼ੁਰੂ ਅਤੇ</UL> ਨਾਲ ਬੰਦ ਕੀਤਾ ਜਾਂਦਾ ਹੈ। |
| 3. ਆਰਡਰ ਲਿਸਟ ਵਿਚ ਨੰਬਰਾਂ ਦੀ ਵਰਤੋਂ ਕੀਤੀ ਜਾਂਦੀ ਹੈ। | 3. ਅਨ-ਆਰਡਰ ਲਿਸਟ ਦੀ ਵਰਤੋਂ ਘੱਟ ਹੀ ਕੀਤੀ ਜਾਂਦੀ ਹੈ। |
| 4. ਆਰਡਰ ਲਿਸਟ ਦੇ ਐਟਰੀਬਿਊਟਸ:-<br>ੳ) " a " – ਅੰਗਰੇਜੀ ਵਰਨਮਾਲਾ ਦੇ ਛੋਟੇ ਅੱਖਰ<br>ਅ) " A " – ਅੰਗਰੇਜੀ ਵਰਨਮਾਲਾ ਦੇ ਵੱਡੇ ਅੱਖਰ<br>ੲ) " I " – ਵੱਡੇ ਰੋਮਨ ਅੰਗ<br>ਸ) "i" – ਛੋਟੇ ਰੋਮਨ ਅੰਕ<br>ਹ) "1" -ਨੰਬਰ | 4. ਅਨ-ਆਰਡਰ ਲਿਸਟ ਦੇ ਐਟਰੀਬਿਊਟਸ:-<br>ੳ) ਡਿਸਕ (Disc)<br>ਅ) ਸਰਕਲ (Circle)<br>ੲ) ਸਕੇਅਰ (Square) |
| 5. ਬਾਈ ਡਿਫਾਲਟ Type Attribute ਦਾ ਮੁੱਲ 1 (ਇੱਕ) ਹੁੰਦਾ ਹੈ। | 5.ਬਾਈ ਡਿਫਾਲਟ Type Attribute ਦਾ ਮੁੱਲ • (ਡਿਸਕ) ਹੁੰਦਾ ਹੈ। |

**ਪ੍ਰਸ਼ਨ 2.ਬੈਕਗ੍ਰਾਉਂਡ (Background) ਅਤੇ ਬੀਜੀਕਲਰ (Bgcolor) ਵਿਚ ਅੰਤਰ ਸ਼ਪਸ਼ਟ ਕਰੋ?**

**ਉੱਤਰ:- ਬੈਕਗ੍ਰਾਉਂਡ (Background) ਅਤੇ ਬੀਜੀਕਲਰ (Bgcolor) ਵਿਚ ਅੰਤਰ:-**

| ਬੈਕਗ੍ਰਾਉਂਡ (Background) | ਬੀਜੀਕਲਰ (Bgcolor) |
|---|---|
| 1. ਇਸ ਦੀ ਵਰਤੋਂ ਵੈੱਬਪੇਜ ਜਾਂ ਟੇਬਲ ਦੇ ਮਗਰ ਕਿਸੇ ਇਮੇਜ ਨੂੰ ਲਗਾਉਣ ਕਰਦੇ ਹਾਂ। | 1.ਇਸ ਦੀ ਵਰਤੋਂ ਵੈੱਬਪੇਜ਼ ਜਾਂ ਟੇਬਲ ਦੀ ਬੈਕਗ੍ਰਾਉਂਡ ਤੇ ਕਲਰ ਲਗਾਉਣ ਹਾਂ। |
| 2. Syntax:-<br><Body background="url"> | 2. Syntax:-<br><Body Bgcolor="color name"> |
| 3. ਉਦਾਹਰਣ:-<br><Body background="flower.jpg"> | 3.ਉਦਾਹਰਣ:-<br><Body Bgcolor="red"> |
| 4. ਬੈਕਗ੍ਰਾਉਂਡ ਦੀ ਵਰਤੋਂ ਬੀਜੀਕਲਰ ਦੇ ਮੁਕਾਬਲੇ ਗੁੰਝਲਦਾਰ ਹੈ ਕਿਉਂਕਿ ਇਸ ਵਿਚ ਪਾਥ ਕਾਪੀ ਕੀਤਾ ਜਾਂਦਾ ਹੈ। | 4.ਜਦੋਂ ਕਿ ਬੀਜੀਕਲ ਦੀ ਵਰਤੋਂ ਬੈਕਗ੍ਰਾਉਂਡ ਦੇ ਮੁਕਾਬਲੇ ਅਸਾਨ ਹੈ ਕਿਉਂਕਿ ਇਸ ਵਿਚ ਕੇਵਲ ਰੰਗ ਦਾ ਨਾਮ ਲਿਖਣ ਨਾਲ ਹੀ ਕੰਮ ਪੂਰਾ ਹੋ ਜਾਂਦਾ ਹੈ। |

**ਪ੍ਰਸ਼ਨ 3.ਕੋਲਸਪੈਨ (COLSPAN) ਅਤੇ ਰੋਅਸਪੈਨ (ROWSPAN) ਵਿਚ ਅੰਤਰ ਸ਼ਪਸ਼ਟ ਕਰੋ ?**

ਉੱਤਰ:- ਕੋਲਸਪੈਨ (Colspan ) ਅਤੇ ਰੋਅਸਪੈਨ (Rowspan) ਵਿਚ ਅੰਤਰ

| ਕੋਲਸਪੈਨ (Colspan ) | ਰੋਅਸਪੈਨ (Rowspan) |
|---|---|
| 1. ਕੋਲਸਪੈਨ ਆਪਸ਼ਨ ਦੀ ਵਰਤੋਂ ਸੈੱਲਾਂ ਦੀ ਚੌੜਾਈ ਬਦਲਣ ਲਈ ਕੀਤੀ ਜਾਂਦੀ ਹੈ। | 1.ਰੋਅਸਪੈਨ ਆਪਸ਼ਨ ਦੀ ਵਰਤੋਂ ਸੈੱਲਾਂ ਦੀ ਉਚਾਈ ਬਦਲਣ ਲਈ ਕੀਤੀ ਜਾਂਦੀ ਹੈ। |
| 2. Syntax:- <th colspan=2> | 2.Syntax:- <th rowspan=2> |
| 3. ਇਸ ਨੂੰ ਕੋਲਜ਼ਪੈਨ ਦੇ ਨਾਮ ਨਾਲ ਜਾਣਿਆ ਜਾਂਦਾ ਹੈ। | 3.ਇਸ ਨੂੰ ਰੋਅਜ਼ਪੈਨ ਦੇ ਨਾਮ ਨਾਲ ਜਾਣਿਆ ਜਾਂਦਾ ਹੈ। |
| 4. ਇਸ ਦੀ ਵਰਤੋਂ ਗੁੰਝਲਦਾਰ ਹੈ। | 4.ਇਸ ਦੀ ਵਰਤੋਂ ਕੋਲਸਪੈਨ ਦੇ ਮੁਕਾਬਲੇ ਅਸਾਨ ਹੈ। |
| 5. ਉਦਾਹਰਣ:- <tr> <td colspan=2>Monitor</td> <td> Monitor </td> | 5.ਉਦਾਹਰਣ:- <tr> <td rowlspan=2>Keyboard</td> <td> Keyboard </td> |
| 6. ਇਹ ਦੱਸਦਾ ਹੈ ਕਿ ਸੈੱਲ ਵਿੱਚ ਕਿੰਨੀਆਂ ਰੋਅ ਹੋਣਗੀਆਂ। | 6. ਇਹ ਦੱਸਦਾ ਹੈ ਕਿ ਸੈੱਲ ਵਿੱਚ ਕਿੰਨੇ ਕਾਲਮ ਹੋਣਗੇ। |

**ਪ੍ਰਸ਼ਨ ਨੰ 4.ਟੈਗ (TAG) ਅਤੇ ਐਟਰੀਬਿਊਟਸ (ATTRIBUIT) ਵਿਚ ਅੰਤਰ ਸ਼ਪਸ਼ਟ ਕਰੋ ?**

ਉੱਤਰ:- ਟੈਗ (TAG ) ਅਤੇ ਐਟਰੀਬਿਊਟਸ (ATTRIBUIT) ਵਿਚ ਅੰਤਰ

| ਟੈਗ (Tag ) | ਐਟਰੀਬਿਊਟਸ (Attribute) |
|---|---|
| 1. ਟੈਗ ਵੈੱਬਸਾਈਟ ਨੂੰ ਬਣਾਉਣ ਵਾਲੀਆਂ ਹਦਾਇਤਾਂ ਹਨ। | 1.ਐਟਰੀਬਿਊਟ TAG ਦਾ ਇੱਕ ਮਹੱਤਵਪੂਰਨ ਹਿੱਸਾ ਹਨ। |
| 2. ਟੈਗਜ਼ ਹਮੇਸ਼ਾ ਐਂਗਲ ਬ੍ਰੈਕਟਸ ਵਿਚ ਲਿਖੇ ਜਾਂਦੇ ਹਨ। | 2.ਐਓਟੀਬਿਊਟਸ ਹਮੇਸ਼ਾ ਟੈਗਜ਼ ਵਿਚ ਲਿਖੇ ਜਾਂਦੇ ਹਨ। |
| 3. ਹਰ ਇੱਕ ਟੈਗ ਦਾ ਆਪਣਾ ਵੱਖਰਾ ਕੰਮ ਹੁੰਦਾ ਹੈ। | 3.ਟੈਗ ਵਿਚ ਹਰ ਐਟਰੀਬਿਊਟ ਦਾ ਵੱਖਰ ਕੰਮ ਹੁੰਦਾ ਹੈ। |
| 4. ਟੈਗਜ਼ ਦੋ ਤਰਾਂ ਦੇ ਹੁੰਦੇ ਹਨ । ੳ.)ਐਪਟੀ ਟੈਗ ਅ.)ਕੰਨਟੇਨਟ ਟੈਗ | 4.ਇੱਕ ਟੈਗ ਵਿਚ ਕਈ ਐਟਰੀਬਿਊਟਸ ਉਪਲਬਧ ਹੁੰਦੇ ਹਨ। |
| 5. ਕੁਝ ਟੈਗਜ਼ ਦੇ ਨਾਮ:- <HTML> <BODY> <TABLE> | 5.ਕੁਝ ਐਟਰੀਬਿਊਟਸ ਦੇ ਨਾਮ:- <TH COLSPAN=2> <BODY BGCOLOR=RED TEX=GREEN> <TABLE BORDER=4 BORDERCOLOR=RED> |
| 6. Syntax:- <th>……….</th> | 6.Syntax:- <th rowspan=2> |

## 8.ਵੱਡੇ ਉੱਤਰਾਂ ਵਾਲੇ ਪ੍ਰਸ਼ਨ:-

**ਪ੍ਰਸ਼ਨ ਨੰ 1. HTML ਦੇ ਬੁਨਿਆਦੀ ਢਾਂਚੇ ਦਾ ਵੇਰਵੇ ਸਹਿਤ ਵਰਣਨ ਕਰੋ?**

**ਉੱਤਰ:- HTML ਡਾਕੂਮੈਂਟ ਦੇ ਬੇਸਿਕ ਢਾਂਚੇ ਨੂੰ ਦੋ ਮੁੱਖ ਭਾਗਾਂ ਵਿਚ ਵੰਡਿਆ ਗਿਆ ਹੈ:-**

- **HEAD (ਹੈੱਡ) :-**

  ਇਸ ਭਾਗ ਵਿਚ Title ਹੁੰਦਾ ਹੈ ਜੋ ਕਿ HTML ਡਾਕੂਮੈਂਟ ਦੇ ਸਿਰਲੇਖ ਦੀ ਪਛਾਣ ਕਰਦਾ ਹੈ।

- **BODY (ਬੌਡੀ) :-**

  BODY ਐਲੀਮੈਂਟ ਵਿੱਚ ਅਸਲ ਕੰਨਟੈਂਟ ਜਾਂ ਜਾਣਕਾਰੀ ਹੁੰਦੀ ਹੈ।

ਉਪਰੋਕਤ ਢਾਂਚੇ ਦੀ ਵਿਚਥਾਰ ਪੂਰਵਕ ਵਿਆਖਿਆ:-

**1. < HTML> ਟੈਗ:-**

ਇਹ ਇਕ ਕੰਟੇਨਰ ਟੈਗ ਹੈ ਜਿਸ ਦੀ ਵਰਤੋਂ ਦਸਤਾਵੇਜ਼ ਦੇ ਸ਼ੁਰੂ ਅਤੇ ਅੰਤ ਵਿਚ ਕੀਤੀ ਜਾਂਦੀ ਹੈ।ਇਹ ਵੈੱਬ ਬ੍ਰਾਊਜ਼ਰ ਨੂੰ ਦੱਸਦਾ ਹੈ ਕਿ ਵੈੱਬ ਪੇਜ਼ ਕਿਥੋਂ ਸ਼ੁਰੂ ਹੋਣਾ ਹੈ ਅਤੇ ਕਿਥੇ ਖਤਮ ਹੋਣਾ ਹੈ।

**Syntax:-**

<HTML>-----------</HTML>

**2. <HEAD> ਟੈਗ :-**

ਇਹ ਟੈਗ ਇੱਕ ਕੰਟੇਨਰ ਟੈਗ ਹੈ ਇਸ ਲਈ ਇਸ ਨੂੰ ਸ਼ੁਰੂ ਕਰਨ ਤੋਂ ਬਾਅਦ ਬੰਦ ਕਰਨ ਦੀ ਜਰੂਰਤ ਹੁੰਦੀ ਹੈ। ਇਸ ਟੈਗ ਦੀ ਵਰਤੋਂ ਵੈੱਬ ਪੇਜ਼ ਦਾ ਸਿਰਲੇਖ ਦਿਖਾਉਣ ਲਈ ਕੀਤੀ ਜਾਂਦੀ ਹੈ।

**Syntax:-**

<Head>-----------</Head>

**3. <TITLE> ਟਾਈਟਲ ਟੈਗ :-**

ਇਸ ਟੈਗ ਦੀ ਵਰਤੋਂ ਵੈੱਬਪੇਜ਼ ਦਾ ਸਿਰਲੇਖ ਪ੍ਰਭਾਸ਼ਿਤ ਕਰਨ ਲਈ ਕੀਤੀ ਜਾਂਦੀ ਹੈ।ਇਸ ਟੈਗ ਨੂੰ ਹੈੱਡ ਟੈਗ ਦੇ ਅੰਦਰ ਲਿਖਿਆ ਜਾਂਦਾ ਹੈ।

**Syntax:-**

<Head>

<Title>-----------</Title>

</Head>

**4. <BODY> ਟੈਗ :-**

ਇਸ ਟੈਗ ਦੀ ਵਰਤੋਂ ਡਾਕੂਮੈਂਟ ਦੀ ਬਾਡੀ ਦਿਖਾਉਣ ਲਈ ਕੀਤੀ ਜਾਂਦੀ ਹੈ।ਪੇਜ ਦੀ ਸਾਰੀ ਸਮੱਗਰੀ ਇਸ ਟੈਗ ਵਿਚ ਲਿਖੀ ਜਾਂਦੀ ਹੈ।ਇਸ ਟੈਗ ਵਿਚ ਟੈਕਸਟ, ਚਿੱਤਰ, ਆਡੀਓ, ਵੀਡੀਓ ਆਦਿ ਕੰਨਟੈਂਟ ਰੱਖੇ ਜਾਂਦੇ ਹਨ।

**Syntax:-**

<Body>-----------</Body>

```
<html>
<head>
<title> Web Page Title </title>
</head>
<body>
            Web Page Information
</body>
</html>
```

**ਪ੍ਰਸ਼ਨ ਨੰ 2. Table ਵਿਚ ਵਰਤੇ ਜਾਣ ਵਾਲੇ ਵੱਖ-ਵੱਖ ਟੈਗ ਕਿਹੜੇ ਹਨ ਉਦਾਹਰਨ ਸਹਿਤ ਵਿਆਖਿਆ ਕਰੋ?**

**ਉੱਤਰ:-:- Table ਵਿਚ ਵਰਤੇ ਜਾਣ ਵਾਲੇ ਵੱਖ-ਵੱਖ ਟੈਗਜ਼ ਦਾ ਵਰਣਨ ਹੇਠ ਲਿਖੇ ਅਨੁਸਾਰ ਹੈ।**

1. **<Table> ਟੈਗ :-**

   Table ਟੈਗ ਦੀ ਵਰਤੋਂ ਟੇਬਲ ਦੇ ਸ਼ੁਰੂ ਅਤੇ ਅੰਤ ਵਿਚ ਕੀਤੀ ਜਾਂਦੀ ਹੈ।ਟੇਬਲ ਦੇ ਬਾਕੀ ਸਾਰੇ ਟੈਗ ਇਸ ਟੈਗ ਵਿਚ ਲਿਖੇ ਜਾਂਦੇ ਹਨ।ਇਹ ਇੱਕ ਕੰਟੇਨਰ ਟੈਗ ਹੈ।

   **Syntax:-**

   **<Table>-----------</Table>**

2. **<TR> ਟੈਗ:-**

   ਇਸ ਟੈਗ ਨੂੰ ਟੇਬਲ ਰੋਅ ਦੇ ਨਾਮ ਨਾਲ ਜਾਣਿਆ ਜਾਂਦਾ ਹੈ।ਇਸ ਦੀ ਵਰਤੋਂ ਟੇਬਲ ਦੀ ਰੋਅ ਦਰਸਾਉਣ ਲਈ ਕੀਤੀ ਜਾਂਦੀ ਹੈ।ਇਹ ਇੱਕ ਕੰਟੇਨਰ ਟੈਗ ਹੈ।

   **Syntax:-**

   **<Tr>-----------</Tr>**

3. **<TH> ਟੈਗ:-**

   ਇਸ ਟੈਗ ਨੂੰ ਟੇਬਲ ਹੈਡਿੰਗ ਦੇ ਨਾਮ ਨਾਲ ਜਾਣਿਆ ਜਾਂਦਾ ਹੈ।ਇਸ ਦੀ ਵਰਤੋਂ ਟੇਬਲ ਹੇਡਿੰਗ ਨੂੰ ਦਰਸਾਉਣ ਲਈ ਕੀਤੀ ਜਾਂਦੀ ਹੈ।ਇਹ ਇੱਕ ਕੰਟੇਨਰ ਟੈਗ ਹੈ।

   **Syntax:-**

   **<Th>-----------</Th>**

4. **<TD> ਟੈਗ:-**


   ਇਸ ਟੈਗ ਨੂੰ ਟੇਬਲ ਡਾਟੇ ਦੇ ਨਾਮ ਨਾਲ ਜਾਣਿਆ ਜਾਂਦਾ ਹੈ।ਇਸ ਦੀ ਵਰਤੋਂ ਟੇਬਲ ਡਾਟਾ ਦਰਸਾਉਣ ਲਈ ਕੀਤੀ ਜਾਂਦੀ ਹੈ।ਇਹ ਇੱਕ ਕੰਟੇਨਰ ਟੈਗ ਹੈ।

   **Syntax:-**

   **<Td>-----------</Td>**

## ਉਦਾਹਰਨ

```
<HTML>
<BODY TEXT=YELLOW>
<TABLE BORDER = "2" BGCOLOR=DARKBLUE>
<TR>
<TH>TEAM</TH>
<TH>RANKING</TH>
</TR>
<TR>
<TD>INDIA</TD>
<TD>1</TD>
</TR>
<TR>
<TD>SOUTH AFRICA</TD>
 <TD>2</TD>
</TR>
 <TR>
<TD>AUSTRALIA</TD>
 <TD>3</TD>
 </TR>
</TABLE>
</BODY>
</HTML>
```




ਆਉਟਪੁਟ

## ਪ੍ਰਸ਼ਨ ਨੰ 3. ਇੱਕ ਉਦਾਹਰਨ ਦੇ ਨਾਲ  Order List ਸਮਝਾਓ?

ਉੱਤਰ:- ਆਰਡਰ ਲਿਸਟ ਵਿਚ ਨੰਬਰ ਪਾਏ ਜਾਂਦੇ ਹਨ।ਜਿਸ ਕਾਰਨ ਇਸ ਨੂੰ ਨੰਬਰਡ ਲਿਸਟ ਵੀ ਕਿਹਾ ਜਾਂਦਾ ਹੈ।ਇਹ ਅਨ-ਆਰਡਰ ਲਿਸਟ ਵਰਗੀ ਹੁੰਦੀ ਹੈ ਫਰਕ ਸਿਰਫ ਇੰਨਾ ਹੈ ਕਿ ਇਸ ਵਿਚ ਬੁਲੈਟ ਦੀ ਥਾਂ ਤੇ ਨੰਬਰ ਵਰਤੇ ਜਾਂਦੇ ਹਨ।ਆਰਡਰ ਲਿਸਟ ਵਿਚ ਹੇਠ ਲਿਖੇ ਪੰਜ ਐਟਰੀਬਿਊਟਸ ਹੁੰਦੇ ਹਨ:-

1. **Type ="1"** ਨੰਬਰ ਵਰਤਣ ਲਈ।
2. **Type ="I"** ਵੱਡੇ ਰੋਮਨ ਅੰਗ ਵਰਤਣ ਲਈ।
3. **Type ="i"** ਛੋਟੇ ਰੋਮਨ ਅੰਗ ਵਰਤਣ ਲਈ।
4. **Type ="A"** ਅੰਗਰੇਜ਼ੀ ਵਰਣਮਾਲਾ ਦੇ  ਵੱਡੇ ਅੱਖਰ ਵਰਤਣ ਲਈ।
5. **Type ="a"** ਅੰਗਰੇਜ਼ੀ ਵਰਣਮਾਲਾ ਦੇ  ਛੋਟੇ ਅੱਖਰ ਵਰਤਣ ਲਈ।


## Order List ਲਈ ਪ੍ਰੋਗਰਾਮ :-

```
<HTML>
<BODY TEXT=DARKBLUE>

<OL TYPE=1>

        <LI>CAR</LI>
        <LI>BUS</LI>
        <LI>MOTER CYCLE</LI>
        <LI>CYCLE</LI>
</OL>
<OL TYPE=I>

        <LI>RED</LI>
        <LI>BLUE</LI>
        <LI>ORANGE</LI>
        <LI>PINK</LI>
</OL>
<OL TYPE=i>
        <LI>MOUSE</LI>
        <LI>MONITER</LI>
        <LI>CPU</LI>
        <LI>PRINTER</LI>
</OL>
<OL TYPE=A>
        <LI>CD</LI>
        <LI>DVD</LI>
        <LI>PIN DRIVE</LI>
        <LI>FLOPPY DISC</LI>
</OL>
<OL TYPE=a>
        <LI>MOUSE</LI>
        <LI>CAT</LI>
        <LI>TIGER</LI>
        <LI>FOX</LI>
</OL>
</BODY>
</HTML>
```



**ਪ੍ਰਸ਼ਨ ਨੰ 3. Nested List ਉਦਾਹਰਨ ਸਹਿਤ ਸਮਝਾਓ?**


**ਉੱਤਰ:-** ਜਦੋਂ ਇਕ ਲਿਸਟ ਵਿਚ ਦੂਸਰੀ ਲਿਸਟ ਆ ਜਾਵੇ ਤਾਂ ਉਸ ਨੂੰ ਨੈਸਟਿਡ ਲਿਸਟ ਕਿਹਾ ਜਾਂਦਾ ਹੈ।ਨੈਸਟਿਡ ਲਿਸਟ ਲਈ ਕੋਈ ਵੱਖਰਾ ਟੈਗ ਨਹੀਂ ਹੁੰਦਾ।

## Nested List ਲਈ ਪ੍ਰੋਗਰਾਮ :-

```
<HTML>
<BODY BGCOLOR=GREET TEXT=RED>
<UL>
<OL TYPE=1>
<LI>CAR</LI>
<LI>BUS</LI>
<LI>MOTER CYCLE</LI>
<LI>CYCLE</LI>
</OL>
</UL>
</BODY>
</HTML>
```

**OUTPUT**

**ਨੈਸਟਿਡ ਲਿਸਟ**




# ਕੰਪਿਊਟਰ ਸਾਇੰਸ ਟੀਮ

# (ਸ.ਭ.ਸ. ਨਗਰ)